CLASS - 8th

# PSTSE

① ● ③ ④ Correct / ਸਹੀ ਢੰਗ

Wrong / ਗਲਤ ਢੰਗ

Sheet No. 04607

ਉੱਤਰ ਪੱਤਰੀ ਦਾ ਨੰਬਰ :

ਰੋਲ ਨੰਬਰ (10 ਅੱਖਰਾਂ ਵਿਚ)

**ROLL NUMBER**

0 8 1 8

D.O.B / ਜਨਮ ਮਿਤੀ

Day ਮਿਤੀ | Month ਮਹੀਨਾ | Year ਸਾਲ

DD MM YYYY

**Category/ਵਰਗ**

(fill the circle applicable to you) ਸਹੀ ਖਾਨਾ ਭਰੋ।

GEN ਜਨਰਲ

SC ਅਨੁਸੂਚਿਤ ਜਾਤੀ

BC ਪੱਛੜੀਆਂ ਸ਼੍ਰੇਣੀਆਂ

Physically Handicapped ਸ਼ਰੀਰਕ ਵਿਕਲਾਂਗ

| ਪ੍ਰਸ਼ਨ Q.No. | ਸਹੀ ਵਿਕਲਪ Correct Option | ਪ੍ਰਸ਼ਨ Q.No. | ਸਹੀ ਵਿਕਲਪ Correct Option | ਪ੍ਰਸ਼ਨ Q.No. | ਸਹੀ ਵਿਕਲਪ Correct Option | ਪ੍ਰਸ਼ਨ Q.No. | ਸਹੀ ਵਿਕਲਪ Correct Option |
|---|---|---|---|---|---|---|---|
| 1 | 4 | 46 | 2 | 91 | 1 | 136 | 3 |
| 2 | 1 | 47 | 3 | 92 | 1 | 137 | 3 |
| 3 | 3 | 48 | 1 | 93 | 4 | 138 | 1 |
| 4 | 2 | 49 | 4 | 94 | 2 | 139 | 4 |
| 5 | 4 | 50 | 1 | 95 | 4 | 140 | 4 |
| 6 | 3 | 51 | 3 | 96 | 4 | 141 | 3 |
| 7 | 2 | 52 | 2 | 97 | 2 | 142 | 3 |
| 8 | 1 | 53 | 4 | 98 | 4 | 143 | 3 |
| 9 | 3 | 54 | 3 | 99 | 2 | 144 | 1 |
| 10 | 4 | 55 | 1 | 100 | 3 | 145 | 2 |
| 11 | 1 | 56 | 3 | 101 | 4 | 146 | 1 |
| 12 | 3 | 57 | 4 | 102 | 3 | 147 | 3 |
| 13 | 1 | 58 | 2 | 103 | 3 | 148 | 3 |
| 14 | 4 | 59 | 1 | 104 | 2 | 149 | 2 |
| 15 | 1 | 60 | 4 | 105 | 3 | 150 | 3 |
| 16 | 3 | 61 | 2 | 106 | 1 | 151 | 1 |
| 17 | 1 | 62 | 3 | 107 | 3 | 152 | 3 |
| 18 | 4 | 63 | 4 | 108 | 2 | 153 | 4 |
| 19 | 1 | 64 | 3 | 109 | 1 | 154 | 2 |
| 20 | 2 | 65 | 1 | 110 | 2 | 155 | 1 |
| 21 | 4 | 66 | 2 | 111 | 3 | 156 | 2 |
| 22 | 3 | 67 | 4 | 112 | 2 | 157 | 4 |
| 23 | 1 | 68 | 1 | 113 | 4 | 158 | 4 |
| 24 | 4 | 69 | 3 | 114 | 4 | 159 | 2 |
| 25 | 1 | 70 | 4 | 115 | 3 | 160 | 3 |
| 26 | 2 | 71 | 2 | 116 | 3 | 161 | 2 |
| 27 | 4 | 72 | 3 | 117 | 1 | 162 | 1 |
| 28 | 2 | 73 | 1 | 118 | 2 | 163 | 3 |
| 29 | 1 | 74 | 4 | 119 | 3 | 164 | 1 |
| 30 | 3 | 75 | 4 | 120 | 1 | 165 | 3 |
| 31 | 4 | 76 | 3 | 121 | 4 | 166 | 2 |
| 32 | 2 | 77 | 1 | 122 | 2 | 167 | 4 |
| 33 | 3 | 78 | 2 | 123 | 1 | 168 | 1 |
| 34 | 1 | 79 | 3 | 124 | 2 | 169 | 4 |
| 35 | 4 | 80 | 2 | 125 | 4 | 170 | 2 |
| 36 | 2 | 81 | 2 | 126 | 2 | 171 | 2 |
| 37 | 3 | 82 | 4 | 127 | 2 | 172 | 4 |
| 38 | 1 | 83 | 4 | 128 | 3 | 173 | 3 |
| 39 | 3 | 84 | 4 | 129 | 4 | 174 | 1 |
| 40 | 2 | 85 | 3 | 130 | 1 | 175 | 1 |
| 41 | 4 | 86 | 2 | 131 | 2 | 176 | 3 |
| 42 | 1 | 87 | 4 | 132 | 4 | 177 | 1 |
| 43 | 3 | 88 | 3 | 133 | 4 | 178 | 2 |
| 44 | 2 | 89 | 1 | 134 | 3 | 179 | 3 |
| 45 | 4 | 90 | 3 | 135 | 1 | 180 | 1 |

Candidate's signature/ਵਿਦਿਆਰਥੀ ਦੇ ਦਸਤਖਤ

Seema 18/2/19

Result Prepared By..........................

# ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ (ਐਸ. ਸੀ. ਈ. ਆਰ. ਟੀ.) ਮੁਹਾਲੀ, ਪੰਜਾਬ

**STATE COUNCIL OF EDUCATIONAL RESEARCH AND TRAINING (S.C.E.R.T.)**
**MOHALI, PUNJAB**

## ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ - 2018

**Punjab State Talent Search Examination, 2018**

## ਜਮਾਤ ਅੱਠਵੀਂ (Class VIII)

**MENTAL ABILITY AND SCHOLASTIC APTITUDE TEST**

## ਮਾਨਸਿਕ ਯੋਗਤਾ ਅਤੇ ਵਿਸ਼ਿਆਂ ਦੀ ਯੋਗਤਾ ਦੀ ਪ੍ਰੀਖਿਆ

ਸਮਾਂ : 3 ਘੰਟੇ | ਕੁੱਲ ਅੰਕ : 180

ਉਮੀਦਵਾਰਾਂ ਲਈ ਹਦਾਇਤਾਂ :

1. ਇਹ ਪ੍ਰੀਖਿਆ ਦੋ ਭਾਗਾਂ ਵਿੱਚ ਹੈ ।
2. ਪਹਿਲਾ ਭਾਗ ਮਾਨਸਿਕ ਯੋਗਤਾ ਨਾਲ ਸੰਬੰਧਤ ਹੈ, ਜਿਸ ਵਿੱਚ 90 ਪ੍ਰਸ਼ਨ ਹਨ ।
3. ਦੂਸਰੇ ਭਾਗ ਵਿੱਚ ਵਿਸ਼ਿਆਂ ਦੀ ਯੋਗਤਾ ਨਾਲ ਸੰਬੰਧਤ ਹੇਠ ਲਿਖੇ ਅਨੁਸਾਰ ਤਿੰਨ ਵਿਸ਼ਿਆਂ ਦੇ 90 ਪ੍ਰਸ਼ਨ ਹਨ ।
    1. ਸਾਇੰਸ
    2. ਗਣਿਤ
    3. ਸਮਾਜਿਕ ਸਿੱਖਿਆ
4. ਹਰੇਕ ਪ੍ਰਸ਼ਨ ਦਾ ਇੱਕ ਅੰਕ ਹੈ ।ਸਾਰੇ ਪ੍ਰਸ਼ਨ ਜਰੂਰੀ ਹਨ ।
5. ਤੁਹਾਨੂੰ ਇਸ ਪ੍ਰਸ਼ਨ ਪੱਤਰ ਲਈ ਉੱਤਰ ਸ਼ੀਟ ਦਿੱਤੀ ਗਈ ਹੈ ।ਉੱਤਰ ਸ਼ੀਟ (ਓ ਐਮ ਆਰ) ਵਿੱਚ ਪ੍ਰਸ਼ਨ ਦੇ ਸਹੀ ਉੱਤਰ ਨੂੰ ਕਾਲੇ/ਨੀਲੇ ਬਾਲ ਪੈਨ ਨਾਲ ਭਰ ਕੇ ਦਰਸਾਓ ।
6. ਕੱਚਾ ਕੰਮ ਦਿੱਤੀ ਗਈ ਖਾਲੀ ਥਾਂ ਤੇ ਕਰਨਾ ਹੈ ।
7. ਇਸ ਪ੍ਰੀਖਿਆ ਵਿੱਚ ਰਿਣਾਤਮਕ (ਨੈਗੇਟਿਵ) ਮਾਰਕਿੰਗ ਨਹੀਂ ਹੈ ।
8. ਓ.ਐਮ.ਆਰ. (ਉੱਤਰਸ਼ੀਟ) ਉੱਪਰ ਵਾਈਟ ਫਲਿਊਡ ਦੀ ਵਰਤੋਂ ਨਾ ਕੀਤੀ ਜਾਵੇ ।
9. ਕੇਵਲ ਨੇਤਰਹੀਣ ਵਿਦਿਆਰਥੀਆਂ ਨੂੰ ਅੱਧੇ ਘੰਟੇ ਦਾ ਸਮਾਂ ਵੱਧ ਦਿੱਤਾ ਜਾਵੇਗਾ ।

# ਮਾਨਸਿਕ ਯੋਗਤਾ ਟੈਸਟ

**ਨਿਰਦੇਸ਼-ਪ੍ਰਸ਼ਨ (1-10) ਵਿੱਚ ਅੰਕਾਂ ਦੀ ਲੜੀ ਦਿੱਤੀ ਗਈ ਹੈ, ਅੰਕਾਂ ਵਿੱਚ ਸੰਬੰਧ ਸਥਾਪਿਤ ਕਰਕੇ ਖਾਲੀ ਥਾਂ ਭਰਨ ਲਈ ਚਾਰ ਵਿਕਲਪਾਂ ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।**

1. 7, 12, 19, 28, 39, .............
   (1) 42 (2) 49
   (3) 50 (4) 52

2. 4, 9, 19, 39, 79, .............
   (1) 159 (2) 89
   (3) 160 (4) 158

3. 11, 13,,17, 19, ........., 29, 31
   (1) 25 (2) 21
   (3) 23 (4) 27

4. 4, 16, 36, 64, .............
   (1) 104 (2) 100
   (3) 120 (4) 127

5. 1, 1, 2, 3, 5, 8, 13, .............
   (1) 23 (2) 17
   (3) 24 (4) 21

6. 1, 8, 27, 64, 125, .............
   (1) 136 (2) 250
   (3) 216 (4) 225

7. 96, 90, 78, ........, 36, 6
   (1) 54 (2) 60
   (3) 48 (4) 72

8. 35, 32, 34, 31, 33, .............
   (1) 30 (2) 36
   (3) 37 (4) 35

9. 1, 1, 2, 4, 3, 9, 4, .............
   (1) 12 (2) 14
   (3) 16 (4) 25

10. 4, 12, 36, 108, .............
    (1) 414 (2) 208
    (3) 224 (4) 324

**ਨਿਰਦੇਸ਼-ਪ੍ਰਸ਼ਨ (11-15) ਵਿੱਚ ਦਿੱਤੇ ਗਏ ਅੱਖਰਾਂ/ਅੰਕਾਂ ਦੀ ਲੜੀ ਇੱਕ ਨਿਸ਼ਚਿਤ ਰੂਪ ਰੇਖਾ ਦੇ ਅਨੁਸਾਰ ਹੈ। ਇਸ ਰੂਪ ਰੇਖਾ ਨੂੰ ਪੂਰਾ ਕਰਨ ਲਈ ਖਾਲੀ ਸਥਾਨ ਭਰੋਂ ਤਾਂ ਜੋ ਸਾਰੇ ਅੱਖਰਾਂ/ਅੰਕਾਂ ਵਿੱਚ ਕੋਈ ਸੰਬੰਧ ਬਣ ਸਕੇ।**

11. ON .....CO ..... ..... C .....NG ......ON .... C
    (1) G N G O C G (2) G G N C O G
    (3) O N G C G N (4) O C N G C G

12. ....... 001 ....... 010 ....... .......00
    (1) 1 0 1 1 (2) 1 0 1 0
    (3) 1 0 0 1 (4) 0 1 0 0

13. bc ........b.......c.....b......ccb
    (1) c b c b (2) b b c b
    (3) c b b c (4) b c b c

14. ....., .....aba..... .....ba..... ......b
    (1) b b a b a a (2) a b b b a a
    (3) b a a b a a (4) a b b a b a

15. m....nm....n.....an........a.......ma...........
    (1) a a m m n n (2) a m a m m n
    (3) a a m n a n (4) a m m a n m

**ਨਿਰਦੇਸ਼-ਪ੍ਰਸ਼ਨ (16-18) ਵਿੱਚ ਦਿੱਤੇ ਗਏ ਸ਼ਬਦਾਂ ਨੂੰ ਅੰਗ੍ਰੇਜ਼ੀ ਵਰਨਮਾਲਾ ਦੇ ਕ੍ਰਮ ਅਨੁਸਾਰ ਕਰੋ ਅਤੇ ਦੱਸੋ ਦੂਜੇ ਸਥਾਨ ਤੇ ਕਿਹੜਾ ਸ਼ਬਦ ਆਵੇਗਾ।**

16. (1) Radius (2) Radium
    (3) Radar (4) Racket

17. (1) Palate (2) Palisade
(3) Pame (4) Pagan

18. (1) Royal (2) Risk
(3) Rain (4) Right

19. ਜੇਕਰ ਹਰੇ ਨੂੰ ਪੀਲਾ, ਪੀਲਾ ਨੂੰ ਨੀਲਾ, ਨੀਲਾ ਨੂੰ ਕਾਲਾ, ਕਾਲਾ ਨੂੰ ਲਾਲ, ਲਾਲ ਨੂੰ ਜਾਮਣੀ ਕਿਹਾ ਜਾਵੇ ਤਾਂ ਖ਼ੂਨ ਦਾ ਕੀ ਰੰਗ ਹੋਵੇਗਾ?
(1) ਜਾਮਣੀ (2) ਲਾਲ
(3) ਹਰਾ (4) ਨੀਲਾ

20. ਸ਼ਬਦ 'APPROPRIATE' ਵਿੱਚ ਕਿਹੜਾ ਅੱਖਰ ਸਭ ਤੋਂ ਵੱਧ ਵਾਰ ਆਇਆ ਹੈ?
(1) A (2) P
(3) T (4) O

**ਨਿਰਦੇਸ਼-ਪ੍ਰਸ਼ਨ (21-24) ਵਿੱਚ ਜੇਕਰ ' + ' ਮਤਲਬ ' - ', ' - ' ਮਤਲਬ ' + ' 'X' ਮਤਲਬ ' ÷ ', ' ÷ ' ਮਤਲਬ ' X ' ਹੋਵੇ, ਤਾਂ ਸਹੀ ਵਿਕਲਪ ਚੁਣੋ।**

21. 12 ÷ 15 X 3 + 5 - 6
(1) 70 (2) 84
(3) 62 (4) 61

22. 14 x 2 – 6 + 10 + 4 x 2
(1) 16 (2) 30
(3) 1 (4) 4

23. 21 x 3 – 4 + 8 – 6 x 3
(1) 5 (2) 17
(3) 11 (4) 2

24. 11 ÷ 20 x 4 + 7 - 8
(1) 46 (2) 57
(3) 54 (4) 56

25. ਅੱਠਵੀਂ ਜਮਾਤ ਵਿੱਚ ਪੜਦੇ ਹੋਏ ਤੀਰਥ ਸਿੰਘ ਦਾ ਸੱਤਵੀਂ ਜਮਾਤ ਦੇ ਨਤੀਜੇ ਵਿੱਚੋਂ ਪ੍ਰਾਪਤ ਅੰਕਾਂ ਦੇ ਅਧਾਰ ਤੇ ਉਪਰਲੇ ਪਾਸੇ ਤੋਂ 5ਵਾਂ ਸਥਾਨ ਹੈ ਅਤੇ ਹੇਠਾਂ ਵਾਲੇ ਪਾਸੇ ਤੋਂ 36ਵਾਂ ਸਥਾਨ ਹੈ। ਅੱਠਵੀਂ ਜਮਾਤ ਵਿੱਚ ਕੁੱਲ ਕਿਨੇ ਵਿਦਿਆਰਥੀ ਹਨ।
(1) 40 (2) 41
(3) 42 (4) 38

26. 42 ਅਧਿਆਪਕਾਂ ਦੀ ਕਤਾਰ ਵਿੱਚ ਵਿਮਲ ਸਿੰਘ ਸੱਜੇ ਪਾਸੇ ਤੋਂ 15ਵੇਂ ਸਥਾਨ ਤੇ ਹੈ। ਉਹ ਖੱਬੇ ਪਾਸੇ ਤੋਂ ਕਿਨਵੇਂ ਸਥਾਨ ਤੇ ਹੈ?
(1) 29 (2) 28
(3) 43 (4) 46

27. ਹੇਠ ਲਿਖੀ ਲੜੀ ਵਿੱਚ ਅੰਕ '5' ਕਿਨੀ ਵਾਰ ਆਉਂਦਾ ਹੈ ਜਦੋਂ ਉਸ ਤੋਂ ਪਹਿਲਾਂ ਅੰਕ '2' ਆਉਂਦਾ ਹੋਵੇ ਅਤੇ ਬਾਅਦ ਵਿੱਚ ਅੰਕ '6' ਆਉਂਦਾ ਹੋਵੇ।

155945265 164982564325618
(1) ਚਾਰ (2) ਤਿੰਨ
(3) ਇੱਕ (4) ਦੋ

28. ਦਿੱਤੀ ਗਈ ਲੜੀ ਵਿੱਚ ਅੰਕ 6 ਕਿਨੇ ਥਾਵਾਂ ਤੇ ਸਥਿਤ ਹੈ ਜਿਸ ਵਿੱਚ ਅੰਕ 6 ਤੋਂ ਪਹਿਲਾਂ ਅੰਕ 4 ਆਉਂਦਾ ਹੋਵੇ ਅਤੇ ਬਾਅਦ ਵਿੱਚ ਅੰਕ 2 ਆਉਂਦਾ ਹੋਵੇ।

526462432643462123734462635
(1) ਚਾਰ (2) ਤਿੰਨ
(3) ਦੋ (4) ਇੱਕ

ਨਿਰਦੇਸ਼-ਪ੍ਰਸ਼ਨ (29-30) ਵਿੱਚ ਉਹ ਉੱਤਰ ਚੁਣੋ ਜੋ ਦਿੱਤੇ ਗਏ ਸ਼ਬਦ ਤੋਂ ਨਹੀਂ ਬਣਾਇਆ ਜਾ ਸਕਦਾ।

29. PRINCIPAL
   (1) PLANE   (2) APRIL
   (3) PLAIN   (4) CIPLA

30. EVOLUTION
   (1) TOOL   (2) LOOT
   (3) VALE   (4) VOLT

ਨਿਰਦੇਸ਼-ਪ੍ਰਸ਼ਨ (31-32) ਵਿੱਚ ਉਹ ਸ਼ਬਦ ਚੁਣੋ ਜੋ ਦਿੱਤੇ ਗਏ ਸ਼ਬਦ ਤੋਂ ਬਣਾਇਆ ਜਾ ਸਕਦਾ।

31. IMMEDIATELY
   (1) DIAMETER   (2) DICTATE
   (3) DIALECT   (4) LIMITED


32. MEASUREMENT
   (1) SUMMIT   (2) MASTER
   (3) ASSURX   (4) MANTLE

ਨਿਰਦੇਸ਼-ਪ੍ਰਸ਼ਨ (33-34) ਵਿੱਚ ਅੱਖਰਾਂ ਨੂੰ ਠੀਕ ਤਰਤੀਬ ਦੇ ਕੇ ਸਾਰਥਕ ਸ਼ਬਦ ਬਣਾਓ।

33. K N I P
   1 2 3 4
   (1) 2,4,3,1   (2) 2,4,1,3
   (3) 4,3,2,1   (4) 4,2,1,3

34. L G I R
   1 2 3 4
   (1) 2,3,4,1   (2) 4,1,3,2
   (3) 1,4,3,2   (4) 1,2,3,4

ਨਿਰਦੇਸ਼-ਪ੍ਰਸ਼ਨ (35-39) ਵਿੱਚ ਦਿੱਤੇ ਗਏ ਚਾਰ ਚਿੱਤਰ, ਤਿੰਨ ਵਸਤਾਂ ਵਿੱਚ ਸੰਬੰਧ ਦਰਸਾਉਂਦੇ ਹਨ। ਦਿੱਤੇ ਗਏ ਪ੍ਰਸ਼ਨਾਂ ਲਈ ਸਹੀ ਵਿਕਲਪ ਚੁਣੋ ਜਿਹੜਾ ਵਸਤਾਂ ਵਿੱਚ ਸਭ ਤੋਂ ਢੁਕਵਾਂ ਸੰਬੰਧ ਦਰਸਾਉਂਦਾ ਹੈ।




35. ਰਸਾਇਣ ਵਿਗਿਆਨ, ਇਤਿਹਾਸ, ਸਰੀਰਕ ਸਿੱਖਿਆ
36. ਭਾਰਤ, ਪੰਜਾਬ, ਜਲ੍ਹਿਆ ਵਾਲਾ ਬਾਗ
37. ਹਿਮਾਚਲ ਪ੍ਰਦੇਸ਼, ਪੰਜਾਬ, ਪਟਿਆਲਾ
38. ਕ੍ਰਿਕਟ, ਬਾਸਕਟ ਬਾਲ, ਖੇਡਾਂ
39. ਸਬਜੀਆਂ, ਗੋਭੀ, ਚਮਚਾ

ਨਿਰਦੇਸ਼-ਪ੍ਰਸ਼ਨ (40-43) ਵਿੱਚ ਚਾਰ ਵਿਕਲਪਾਂ ਵਿੱਚੋਂ ਵੱਖਰਾ ਵਿਕਲਪ ਚੁਣੋ।

40. (1) ਜਨਵਰੀ   (2) ਫਰਵਰੀ
   (3) ਮਾਰਚ   (4) ਜੁਲਾਈ

41. (1) ਪੁਸਤਕ   (2) ਲਾਇਬ੍ਰੇਰੀ
   (3) ਵਿਦਿਆਰਥੀ   (4) ਜਹਾਜ

42. (1) ਇਸਲਾਮਾਬਾਦ   (2) ਸ੍ਰੀਲੰਕਾ
   (3) ਨੇਪਾਲ   (4) ਭਾਰਤ

43. (1) ਗੋਲਾ   (2) ਚੱਕਰ
   (3) ਘਣ   (4) ਸਿਲੰਡਰ

44. ਪਵਨ ਉੱਤਰ ਵਾਲੇ ਪਾਸੇ ਜਾ ਰਿਹਾ ਹੈ। ਉਹ ਖੱਬੇ ਪਾਸੇ ਮੁੜ ਗਿਆ ਕੁਝ ਦੇਰ ਚੱਲਣ ਤੋਂ ਬਾਅਦ ਉਹ ਖੱਬੇ ਪਾਸੇ ਮੁੜ ਗਿਆ, ਕੁਝ ਦੇਰ ਚੱਲਣ ਤੋਂ ਬਾਅਦ ਉਹ ਸੱਜੇ ਪਾਸੇ ਮੁੜ ਗਿਆ, ਪਵਨ ਹੁਣ ਕਿਸ ਦਿਸ਼ਾ ਵਿੱਚ ਹੈ?

(1) ਪੂਰਬ (2) ਪੱਛਮ
(3) ਉੱਤਰ (4) ਦੱਖਣ

45. ਪ੍ਰੀਤਮ ਪੱਛਮ ਦਿਸ਼ਾ ਵਿੱਚ 5 ਕਿ: ਮੀ: ਚੱਲਦਾ ਹੈ। ਫਿਰ ਉਹ ਖੱਬੇ ਪਾਸੇ ਮੁੜ ਕੇ 4 ਕਿ: ਮੀ: ਚੱਲਦਾ ਹੈ। ਫਿਰ ਸੱਜੇ ਪਾਸੇ ਮੁੜਕੇ 9 ਕਿ: ਮੀ: ਚੱਲਦਾ ਹੈ। ਅੰਤ ਵਿੱਚ ਉਹ ਉੱਤਰ ਵਲ 4 ਕਿ: ਮੀ: ਚੱਲਦਾ ਹੈ। ਦੱਸੋ ਉਹ ਚੱਲਣ ਵਾਲੀ ਜਗ੍ਹਾ ਤੋਂ ਕਿੰਨੀ ਦੂਰ ਹੈ?

(1) 20 ਕਿ: ਮੀ: (2) 6 ਕਿ: ਮੀ:
(3) 7 ਕਿ: ਮੀ: (4) 14 ਕਿ: ਮੀ:

**ਨਿਰਦੇਸ਼- (46-48) ਪ੍ਰਸ਼ਨਾਂ ਵਿੱਚ ਦਿੱਤੇ ਗਏ ਕਥਨਾਂ ਨੂੰ ਧਿਆਨ ਪੂਰਵਕ ਪੜ੍ਹਦੇ ਹੋਏ ਉਤਰ ਦਿਓ:-**

**ਇੱਕ ਪਰਿਵਾਰ ਦੇ ਪੰਜ ਮੈਂਬਰਾਂ ਵਿੱਚ ਓਮ ਸਭ ਤੋਂ ਵੱਡਾ ਹੈ ਅਤੇ ਸ਼ਮਿੰਦਰ ਸਭ ਤੋਂ ਛੋਟਾ ਹੈ। ਤੇਜਿੰਦਰ, ਸ਼ਮਿੰਦਰ ਤੋਂ ਵੱਡਾ ਹੈ। ਕੇਵਲ, ਸੁਦਰਸ਼ਨ ਤੋਂ ਵੱਡਾ ਹੈ ਪਰ ਓਮ ਤੋਂ ਛੋਟਾ ਹੈ।**

46. ਕੇਵਲ ਤੋਂ ਛੋਟਾ, ਪਰ ਤੇਜਿੰਦਰ ਤੋਂ ਵੱਡਾ ਕਿਹੜਾ ਮੈਂਬਰ ਹੈ।

(1) ਤੇਜਿੰਦਰ (2) ਸੁਦਰਸ਼ਨ
(3) ਕੇਵਲ (4) ਸ਼ਮਿੰਦਰ

47. ਕਿਹੜਾ ਮੈਂਬਰ ਓਮ ਅਤੇ ਤੇਜਿੰਦਰ ਦੋਵਾਂ ਤੋਂ ਛੋਟਾ ਹੈ?

(1) ਕੇਵਲ (2) ਸੁਦਰਸ਼ਨ
(3) ਸ਼ਮਿੰਦਰ (4) ਓਮ

48. ਵਿਚਕਾਰਲਾ ਮੈਂਬਰ ਕੌਣ ਹੈ?

(1) ਸੁਦਰਸ਼ਨ (2) ਓਮ
(3) ਕੇਵਲ (4) ਤੇਜਿੰਦਰ

49. ਜੇਕਰ ਕਿਸੇ ਕੋਡ ਭਾਸ਼ਾ ਵਿੱਚ TREND ਨੂੰ USFOE ਲਿਖਿਆ ਜਾਵੇ ਤਾਂ ਉਸ ਕੋਡ ਭਾਸ਼ਾ ਵਿੱਚ ENTRY ਨੂੰ ਕਿਵੇਂ ਲਿਖਿਆ ਜਾਵੇਗਾ।

(1) POUZS (2) FUSDZ
(3) GNUSZ (4) FOUSZ

50. ਜੇਕਰ ਕਿਸੇ ਕੋਡ ਭਾਸ਼ਾ ਵਿੱਚ NAME ਨੂੰ MZLD ਲਿਖਿਆ ਜਾਵੇ ਤਾਂ ਉਸ ਕੋਡ ਭਾਸ਼ਾ ਵਿੱਚ PEON ਨੂੰ ਕੀ ਲਿਖਿਆ ਜਾਵੇਗਾ।

(1) ODNM (2) ODMN
(3) ONDM (4) OMND

51. ਜੇਕਰ ਕਿਸੇ ਕੋਡ ਭਾਸ਼ਾ ਵਿੱਚ DEAR ਨੂੰ EGDV ਤਾਂ ਉਸ ਭਾਸ਼ਾ ਵਿੱਚ READ ਨੂੰ ਕਿਵੇਂ ਲਿਖਿਆ ਜਾਵੇਗਾ।

(1) SFDG (2) TGBE
(3) SGDH (4) HGSD

52. ਜੇਕਰ PUT = 57 ਹੋਵੇ ਤਾਂ BAT = ?

(1) 25 (2) 23
(3) 60 (4) 55


53. ਜੇਕਰ CAT = 3120 ਹੋਵੇ ਤਾਂ DOG =?

(1) 4517 (2) 7154
(3) 5147 (4) 4157

54. ਜੇਕਰ BAD = 21 ਹੈ ਤਾਂ AGE = ?

(1) 21 (2) 30
(3) 39 (4) 35

**ਨਿਰਦੇਸ਼-ਦਿੱਤੇ ਗਏ ਚਿੱਤਰ ਨੂੰ ਪੜ੍ਹ ਕੇ ਪ੍ਰਸ਼ਨ (55-57) ਦੇ ਉੱਤਰ ਦਿਓ**



55. ਉਹ ਅੰਕ ਦੱਸੋ ਜੋ ਸਾਰੀਆਂ ਆਕ੍ਰਿਤੀਆਂ ਵਿੱਚ ਮੌਜੂਦ ਹੈ।

(1) 2 (2) 5
(3) 9 (4) 7


56. ਉਹ ਅੰਕ ਦੱਸੋ ਜੋ ਕੇਵਲ ਆਇਤ ਵਿੱਚ ਮੌਜੂਦ ਹੈ।

(1) 2 (2) 1
(3) 4 (4) 8

57. ਉਹ ਅੰਕ ਜੋ ਕੇਵਲ ਚੱਕਰ ਅਤੇ ਤ੍ਰਿਭੁਜ ਦੋਨਾ ਵਿੱਚ ਮੌਜੂਦ ਹੈ।

(1) 1 (2) 9
(3) 8 (4) 5

**ਨਿਰਦੇਸ਼-ਦਿੱਤੇ ਗਏ ਚਿੱਤਰ ਤੇ ਅਧਾਰਿਤ ਪ੍ਰਸ਼ਨਾਂ (58-60) ਦੇ ਉੱਤਰ ਦਿਓ**



58. ਚਿੱਤਰ ਵਿੱਚ ਕਿਨੇ ਵਰਗ ਹਨ?

(1) 7 (2) 6
(3) 9 (4) 10

59. ਚਿੱਤਰ ਵਿੱਚ ਕਿਨੀਆ ਤ੍ਰਿਭੁਜਾਂ ਹਨ?

(1) 12 (2) 10
(3) 14 (4) 4

60. ਚਿੱਤਰ ਵਿੱਚ ਕਿਨੀਆ ਸਿਧੀਆਂ ਰੇਖਾਵਾਂ ਹਨ?

(1) 6 (2) 7
(3) 11 (4) 10

**ਨਿਰਦੇਸ਼-ਦਿੱਤੇ ਗਏ ਵਾਕਾਂ ਨੂੰ ਪੜ੍ਹ ਕੇ ਪ੍ਰਸ਼ਨ (61-65) ਦੇ ਉੱਤਰ ਦਿਓ।**

A ਅਤੇ B ਘੋੜ ਸਵਾਰ, ਜਿਮਨਾਸਟ ਅਤੇ ਫੁੱਟਬਾਲ ਖਿਡਾਰੀ ਹਨ।
C ਅਤੇ B ਘੋੜ ਸਵਾਰ, ਬੋਕਸਰ ਅਤੇ ਫੁੱਟਬਾਲ ਖਿਡਾਰੀ ਹਨ।
C ਅਤੇ D ਘੋੜ ਸਵਾਰ, ਬੋਕਸਰ ਅਤੇ ਤੈਰਾਕ ਹਨ।
E ਅਤੇ D ਤੈਰਾਕ, ਜਿਮਨਾਸਟ ਅਤੇ ਫੁੱਟਬਾਲ ਖਿਡਾਰੀ ਹਨ।

61. ਕਿਹੜਾ ਖਿਡਾਰੀ ਘੋੜ ਸਵਾਰ, ਤੈਰਾਕ, ਬੋਕਸਰ, ਜਿਮਨਾਸਟ ਤੇ ਫੁੱਟਬਾਲ ਖਿਡਾਰੀ ਹੈ।

(1) B (2) D
(3) A (4) C

62. ਕਿਹੜਾ ਖਿਡਾਰੀ ਘੋੜ ਸਵਾਰ, ਤੈਰਾਕ, ਬੋਕਸਰ ਤੇ ਫੁੱਟਬਾਲ ਖਿਡਾਰੀ ਹੈ, ਪਰ ਜਿਮਨਾਸਟ ਨਹੀਂ ਹੈ?

(1) E (2) B
(3) C (4) D

63. ਕਿਹੜਾ ਖਿਡਾਰੀ ਘੋੜ ਸਵਾਰ, ਜਿਮਨਾਸਟ ਤੇ ਫੁੱਟਬਾਲ ਖਿਡਾਰੀ ਹੈ ਪਰ ਤੈਰਾਕ ਤੇ ਬੋਕਸਰ ਨਹੀਂ?

(1) D (2) C
(3) B (4) A

64. ਕਿਹੜਾ ਖਿਡਾਰੀ ਤੈਰਾਕ, ਜਿਮਨਾਸਟ ਅਤੇ ਫੁੱਟਬਾਲ ਖਿਡਾਰੀ ਹੈ, ਪਰ ਘੋੜ ਸਵਾਰ ਨਹੀਂ ਹੈ?

(1) D (2) C
(3) E (4) A

65. ਕਿਹੜਾ ਖਿਡਾਰੀ ਘੋੜ ਸਵਾਰ, ਬੋਕਸਰ, ਫੁੱਟਬਾਲ ਅਤੇ ਜਿਮਨਾਸਟ ਹੈ, ਪਰ ਤੈਰਾਕ ਨਹੀਂ ਹੈ?

(1) B (2) E
(3) D (4) A

66. ਅਭਿਨੂਰ, ਅਵਿਜੋਤ ਦਾ ਭਰਾ ਹੈ। ਮੋਨਿਕਾ ਨਵਨੀਤ ਦੀ ਭੈਣ ਹੈ। ਅਭਿਜੋਤ ਮੋਨਿਕਾ ਦਾ ਲੜਕਾ ਹੈ। ਅਭਿਨੂਰ ਦਾ ਮੋਨਿਕਾ ਨਾਲ ਕੀ ਰਿਸ਼ਤਾ ਹੈ?

(1) ਭਤੀਜਾ (2) ਪੁੱਤਰ
(3) ਭਰਾ (4) ਪਿਤਾ

67. ਨੀਰੂ, ਸਚਿਨ ਦੀ ਭੈਣ ਹੈ। ਸਚਿਨ, ਰਿਸ਼ਬ ਦਾ ਭਰਾ ਹੈ। ਰਿਸ਼ਬ, ਅੰਜੂ ਦਾ ਪੁੱਤਰ ਹੈ। ਅੰਜੂ, ਨੀਰੂ ਦੀ ਕੀ ਲਗਦੀ ਹੈ।

(1) ਭਰਜਾਈ (2) ਭੈਣ
(3) ਨਨਾਣ (4) ਮਾਤਾ


**ਨਿਰਦੇਸ਼ -ਦਿੱਤੇ ਪ੍ਰਸ਼ਨਾਂ (68–72) ਵਿੱਚ ' ? ' ਦੀ ਜਗ੍ਹਾ ਭਰਨ ਲਈ ਠੀਕ ਉੱਤਰ ਚੁਣੋ।**

68

| | | |
|---|---|---|
| 17 | 25 | 8 |
| 38 | 56 | 18 |
| 50 | ? | 32 |


(1) 82 (2) 72
(3) 92 (4) 102

69.





(1) 28 (2) 23
(3) 12 (4) 14

70.





(1) 120 (2) 72
(3) 36 (4) 46

71.




(1) 81 (2) 64
(3) 36 (4) 82

72.





(1) 3 (2) 4
(3) 5 (4) 2

73. 12 ਘੰਟੇ ਵਿੱਚ ਘੜੀ ਦੀ ਮਿੰਟਾਂ ਵਾਲੀ ਸੂਈ, ਘੜੀ ਦੀ ਘੰਟਿਆਂ ਵਾਲੀ ਸੂਈ ਉਪਰ ਦੀ ਕਿੰਨੀ ਵਾਰੀ ਲੰਘੇਗੀ?


(1) 11 ਵਾਰ (2) 12 ਵਾਰ
(3) 10 ਵਾਰ (4) 24 ਵਾਰ

**ਨਿਰਦੇਸ਼-ਪ੍ਰਸ਼ਨ (74–75) ਵਿੱਚ ਚਿੱਤਰ A ਅਤੇ B ਵਿੱਚ ਆਪਸੀ ਸੰਬੰਧ ਹੈ। ਉਸੇ ਸੰਬੰਧ ਵਿੱਚ ਚਿੱਤਰ C ਅਤੇ D ਵਿੱਚ ਸੰਬੰਧ ਸਥਾਪਿਤ ਕਰਕੇ ਉੱਤਰ ਦਿਓ।**

74.




75.





ਨਿਰਦੇਸ਼-ਪ੍ਰਸ਼ਨ (76–78) ਵਿੱਚ ਇਕ ਲੜੀ ਨੂੰ ਪੂਰਾ ਕਰਨ ਲਈ ਦਿੱਤੇ ਗਏ ਵਿਕਲਪਾਂ ਵਿੱਚੋਂ ਕਿਹੜਾ ਵਿਕਲਪ ਪ੍ਰਸ਼ਨ ਚਿੰਨ੍ਹ ਜਗ੍ਹਾ ਤੇ ਆਵੇਗਾ।


76.




77.





78.





ਨਿਰਦੇਸ਼ – (79–80) ਪ੍ਰਸ਼ਨਾਂ ਵਿੱਚ ਦਿੱਤੇ ਗਏ ਚਿੱਤਰ **'x'** ਦਾ ਪਾਣੀ ਵਿੱਚ ਕਿਹੋ ਜਿਹਾ ਪ੍ਰਤੀਬਿੰਬ ਬਣੇਗਾ?

79.





80.





ਨਿਰਦੇਸ਼ – ਪ੍ਰਸ਼ਨ (81–82) ਵਿੱਚ ਦਿੱਤੇ ਗਏ ਚਿੱਤਰ **'x'** ਦਾ ਸ਼ੀਸ਼ੇ ਵਿੱਚ ਕਿਹੋ ਜਿਹਾ ਪ੍ਰਤੀਬਿੰਬ ਬਣੇਗਾ?

81.





82.




ਨਿਰਦੇਸ਼ – ਪ੍ਰਸ਼ਨ (83–84) ਵਿੱਚ ਦਿੱਤੇ ਗਏ ਚਿੱਤਰ '**x**' ਨੂੰ ਪੂਰਾ ਕਰਨ ਲਈ ਵਿਕਲਪ 1 ਤੋਂ 4 ਵਿੱਚੋਂ ਸਹੀ ਵਿਕਲਪ ਦੀ ਚੋਣ ਕਰੋ।

83.




(x)




1 2 3 4

84.



(x)




1 2 3 4

ਨਿਰਦੇਸ਼ – ਪ੍ਰਸ਼ਨ (85–86) ਵਿੱਚ ਦੱਸੋ ਕਿ ਦਿੱਤਾ ਗਿਆ ਚਿੱਤਰ '**x**' ਕਿਸ ਚਿੱਤਰ ਵਿੱਚ ਛੁਪਿਆ ਹੋਇਆ ਹੈ।

85.



(x)



1 2 3 4

86.




(x)



1 2 3 4


ਨਿਰਦੇਸ਼ – ਪ੍ਰਸ਼ਨ (87–88) ਵਿੱਚ ਦਿੱਤੇ ਗਏ ਚਾਰ ਚਿੱਤਰਾਂ ਵਿੱਚੋਂ ਉਹ ਚਿੱਤਰ ਚੁਣੋ ਜੋ ਬਾਕੀਆਂ ਨਾਲੋਂ ਅਲੱਗ ਹੈ।

87.




1 2 3 4

88.




1 2 3 4

89. ਦਿੱਤੇ ਗਏ ਪ੍ਰਸ਼ਨ ਚਿੱਤਰ ਵਿੱਚ ਇੱਕ ਬਿੰਦੂ ਲਗਾਇਆ ਗਿਆ ਹੈ ਉੱਤਰ ਚਿੱਤਰਾਂ ਵਿੱਚੋਂ ਇੱਕ ਚਿੱਤਰ ਚੁਣੋ ਜੋ ਦਿੱਤੇ ਗਏ ਪ੍ਰਸ਼ਨ ਚਿੱਤਰ '**x**' ਵਿੱਚ ਬਿੰਦੂ ਅਨੁਸਾਰ ਸ਼ਰਤਾਂ ਪੂਰੀਆਂ ਕਰਦਾ ਹੋਵੇ।





(x)



1 2 3 4

90. ਇੱਕ ਪੇਪਰ ਨੂੰ ਤੀਰ ਦੇ ਨਿਸ਼ਾਨ ਅਨੁਸਾਰ ਮੋੜਿਆ ਗਿਆ ਹੈ ਫਿਰ ਦਿਤੀਆਂ ਹੋਈਆਂ ਬਿੰਦੂ ਰੇਖਾਵਾਂ ਜੋ ਚਿੱਤਰ ਦੇ ਅੰਦਰ ਹਨ ਅਨੁਸਾਰ ਇਸ ਪੇਪਰ ਨੂੰ ਕੱਟਿਆ ਗਿਆ ਹੈ। ਖੋਲ੍ਹਣ ਤੇ ਇਹ ਪੇਪਰ ਦਿੱਤੇ ਗਏ ਉੱਤਰ ਚਿੱਤਰਾਂ ਵਿੱਚੋਂ ਕਿਸ ਚਿੱਤਰ ਵਰਗਾ ਨਜਰ ਆਵੇਗਾ?





1 2 3 4

## SCIENCE

91. ਜਦੋਂ ਤੁਸੀਂ ਘੱਟ ਪ੍ਰਕਾਸ਼ ਵਿੱਚ ਵੇਖਦੇ ਹੋ ਤਾਂ ਤੁਹਾਡੀ ਪੁਤਲੀ ਦੇ ਆਕਾਰ ਉੱਪਰ ਕੀ ਅਸਰ/ਪ੍ਰਭਾਵ ਪੈਂਦਾ ਹੈ?
    (1) ਪੁਤਲੀ ਦਾ ਆਕਾਰ ਵੱਧਦਾ ਹੈ
    (2) ਪੁਤਲੀ ਦਾ ਆਕਾਰ ਘਟਦਾ ਹੈ
    (3) ਪਹਿਲਾਂ ਵਧਦਾ ਫਿਰ ਘਟਦਾ ਹੈ
    (4) ਪਹਿਲਾਂ ਘਟਦਾ ਫਿਰ ਵਧਦਾ ਹੈ

92. ਸਰਕਣਸ਼ੀਲ ਰਗੜ ਸਥਿਤਿਕ ਰਗੜ ਨਾਲੋਂ ਹਮੇਸ਼ਾ ਕੀ ਹੁੰਦੀ ਹੈ?
    (1) ਘੱਟ (2) ਵੱਧ
    (3) ਬਰਾਬਰ (4) ਦੌ ਗੁਣੀ

93. ਜਦੋਂ ਕਿਸੇ ਡ੍ਰਾਪਰ ਦੀ ਚੁੰਜ (Nosal) ਨੂੰ ਪਾਣੀ ਵਿੱਚ ਰੱਖ ਕੇ ਇਸ ਦੇ ਬਲਬ ਨੂੰ ਦਬਾਉਂਦੇ ਹਾਂ ਤਾਂ ਡ੍ਰਾਪਰ ਦੀ ਹਵਾ ਬੁਲਬੁਲਿਆਂ ਦੇ ਰੂਪ ਵਿੱਚ ਬਾਹਰ ਨਿਕਲਦੀ ਹੋਈ ਦਿਸਦੀ ਹੈ। ਬਲਬ ਉੱਤੇ ਦਾਬ ਹਟਾਉਣ ਤੇ ਡ੍ਰਾਪਰ ਵਿੱਚ ਪਾਣੀ ਭਰ ਜਾਂਦਾ ਹੈ। ਡ੍ਰਾਪਰ ਵਿੱਚ ਪਾਣੀ ਚੜ੍ਹਣ ਦਾ ਕਾਰਨ ਕੀ ਹੈ?
    (1) ਪਾਣੀ ਦਾ ਦਾਬ
    (2) ਧਰਤੀ ਦੀ ਗੁਰੂਤਾ
    (3) ਰਬੜ ਦੇ ਬਲਬ ਦੀ ਅਕ੍ਰਿਤੀ
    (4) ਵਾਯੂ ਮੰਡਲੀ ਦਾਬ

94. ਪ੍ਰਤੀ ਇਕਾਈ ਖੇਤਰਫਲ ਉੱਤੇ ਲੱਗਣ ਵਾਲੇ ਬਲ ਨੂੰ ਕੀ ਕਹਿੰਦੇ ਹਨ?
    (1) ਗੁਰੂਤਵੀ ਬਲ (2) ਦਬਾਅ
    (3) ਪੇਸ਼ੀ ਬਲ (4) ਸਥਿਰ ਬਿਜਲਈ ਬਲ

95. ਜੇ ਪਰਾਵਰਤਿਤ ਕਿਰਨ ਆਪਤਿਤ ਕਿਰਨ ਨਾਲ $90^0$ ਦਾ ਕੋਣ ਬਣਾਏ ਤਾਂ ਆਪਤਨ ਕੌਣ ਦਾ ਮਾਨ ਕੀ ਹੋਵੇਗਾ?
    (1) $50^0$ (2) $65^0$
    (3) $60^0$ (4) $45^0$

96. ਸੂਰਜੀ ਪਰਿਵਾਰ ਦਾ ਸਭ ਤੋਂ ਵੱਡਾ ਗ੍ਰਹਿ ਕਿਹੜਾ ਹੈ?
    (1) ਯੂਰੇਨਮ (2) ਸ਼ੁੱਕਰ
    (3) ਸ਼ਨੀ (4) ਬ੍ਰਹਿਸਪਤੀ

97. ਵਸਤੂ ਉੱਪਰ ਲਗਣ ਵਾਲੇ ਬਲ ਨੂੰ ਕਿਹੜੇ ਯੰਤਰ ਨਾਲ ਮਾਪਿਆ ਜਾਂਦਾ ਹੈ?
    (1) ਤੱਕੜੀ (2) ਕਮਾਈਦਾਰ ਤੁਲਾ
    (3) ਥਰਮਾਮੀਟਰ (4) ਵੋਲਟਮੀਟਰ

98. ਧੁਨੀ ਕਿਸ ਵਿੱਚ ਸੰਚਾਰ ਨਹੀਂ ਕਰ ਸਕਦੀ?
    (1) ਠੋਸ (2) ਤਰਲ
    (3) ਗੈਸ (4) ਖਲਾਅ

99. ਖੁਸ਼ਕ ਸੈਲ ਵਿੱਚ ਵਰਤਿਆ ਜਾਣ ਵਾਲਾ ਬਰਤਨ ਹੁੰਦਾ ਹੈ?
    (1) ਕੱਚ ਦਾ (2) ਜਿਸਤ ਦਾ
    (3) ਲੋਹੇ ਦਾ (4) ਰਬੜ ਦਾ

100. ਕਿਸੇ ਪਦਾਰਥ ਦੇ ਇਕਾਈ ਆਇਤਨ ਦੇ ਪੁੰਜ ਨੂੰ ਕਿਹਾ ਜਾਂਦਾ ਹੈ?
    (1) ਜੜ੍ਹਤਾ (2) ਖੇਤਰਫ਼ਲ
    (3) ਘਣਤਾ (4) ਸੰਘਣਤਾ

101. ਅੱਖ ਵਿੱਚ ਵਸਤੂ ਦਾ ਪ੍ਰਤਿਬਿੰਬ ਕਿੱਥੇ ਬਣਦਾ ਹੈ?
    (1) ਆਇਰਸ ਤੇ (2) ਕਾਰਨੀਆ ਤੇ
    (3) ਲੈਨਜ਼ ਤੇ (4) ਰੈਟੀਨਾ ਤੇ

102. ਹੇਠ ਲਿਖਿਆਂ ਵਿੱਚੋਂ ਕਿਹੜਾ ਤਾਰਾ ਮੰਡਲ ਹੈ?
    (1) ਉਲਕਾ (2) ਧੂਮਕੇਤੂ
    (3) ਸਪਤਰਿਸ਼ੀ (4) ਮੰਗਲ

103. ਹਵਾ ਵਿੱਚ ਪ੍ਰਕਾਸ਼ ਦੀ ਚਾਲ $3\times10^8$ ਮੀ/ਸੈਕਿੰਡ ਹੈ ਅਤੇ ਕਿਸੇ ਮਾਧਿਅਮ ਵਿੱਚ $1.5\times10^8$ ਮੀ/ਸੈਕਿੰਡ ਹੈ। ਮਾਧਿਅਮ ਦਾ ਅਪਵਰਤਨ ਅੰਕ ਕਿੰਨਾ ਹੋਵੇਗਾ?
    (1) 1.5 (2) 2.5
    (3) 2.0 (4) 3.5

104. ਕਾਪਰ ਸਲਫੇਟ ਦੇ ਘੋਲ ਵਿੱਚ ਲੋਹੇ ਦੀ ਕਿੱਲ ਪਾ ਕੇ ਕੁਝ ਦੇਰ ਰੱਖਣ ਤੇ ਘੋਲ ਦਾ ਰੰਗ ਕਿਹੋ ਜਿਹਾ ਹੋ ਜਾਂਦਾ ਹੈ?
    (1) ਰੰਗਹੀਨ (2) ਹਰਾ
    (3) ਨੀਲਾ (4) ਕਾਲਾ

105. ਉਹ ਧਾਤ ਜਿਸ ਨੂੰ ਮਿੱਟੀ ਦੇ ਤੇਲ ਵਿੱਚ ਸਟੋਰ ਕਰਕੇ ਰੱਖਿਆ ਜਾਂਦਾ ਹੈ। ਕਿਉਂਕਿ ਉਹ ਆਕਸੀਜਨ ਪ੍ਰਤੀ ਬਹੁਤ ਕਿਰਿਆਸ਼ੀਲ ਹੈ।

(1) ਜ਼ਿੰਕ (2) ਕੈਲਸ਼ੀਅਮ

(3) ਸੋਡੀਅਮ (4) ਮੈਗਨੀਸ਼ੀਅਮ

106. ਧਾਤਵੀਂ ਆਕਸਾਈਡਾ ਦੀ ਪ੍ਰਕਿਤੀ ਕੀ ਹੈ?

(1) ਖਾਰੀ (2) ਤੇਜਾਬੀ

(3) ਉਦਾਸੀਨ (4) ਤੇਜਾਬੀ ਜਾਂ ਖਾਰੀ

107. ਕੁਦਰਤੀ ਬਹੁਲਕ ਕਿਹੜਾ ਹੈ?

(1) ਪਾਲੀਥੀਨ (2) ਟੇਫਲਾਨ

(3) ਸੈਲੂਲੋਜ (4) ਪਾਲਵਿਨਾਈਲ ਕਲੋਰਾਈਡ

108. ਉਹ ਅਧਾਤ ਦਾ ਨਾਂ ਦੱਸੋ ਜੋ ਬਿਜਲੀ ਦੀ ਸੁਚਾਲਕ ਹੈ?

(1) ਬ੍ਰੋਮੀਨ (2) ਗ੍ਰੇਫਾਈਟ

(3) ਸਲਫਰ (4) ਆਇਓਡੀਨ

109. ਮੈਗਨੀਸ਼ੀਅਮ ਰਿਬਨ ਨੂੰ ਜਲਾਉਣ ਤੋਂ ਬਾਅਦ ਕੀ ਬਣਦਾ ਹੈ?

(1) $MgO$ (2) $MgO_2$

(3) $Mg_2O$ (4) $Mg(OH)_2$

110. ਕੋਲਾ ਕਿਹੜੀ ਕਿਰਿਆ ਦੁਆਰਾ ਬਣਦਾ ਹੈ?

(1) ਨਿਮਨੀਕਰਣ (2) ਕਾਰਬਨੀਕਰਨ

(3) ਆਕਸੀਕਰਣ (4) ਨਿਸ਼ਕਰਸ਼ਣ

111. ਹੇਠ ਲਿਖਿਆਂ ਵਿੱਚੋਂ ਕਿਹੜਾ ਥਰਮੋਪਲਾਸਟਿਕ ਨਹੀਂ ਹੈ?

(1) ਪੀ. ਵੀ. ਸੀ. (P.V.C.)

(2) ਪਾਲੀਥੀਨ

(3) ਬੈਕੇਲਾਈਟ

(4) ਪੀ.ਵੀ.ਸੀ. ਅਤੇ ਪਾਲੀਥੀਨ

112. ਬਣਾਉਟੀ ਰੇਸ਼ਮ ਕਿਹੜਾ ਹੈ?

(1) ਨਾਈਲੋਨ (2) ਰੇਯਾੱਨ

(3) ਪਾਲੀਐਸਟਰ (4) ਪਾਲੀਵੂਲ

113. ਕੋਲੇ ਦੇ ਭੰਜਨ ਦੁਆਰਾ ਹੇਠ ਲਿਖਿਆਂ ਵਿੱਚੋਂ ਕਿਹੜਾ ਪਦਾਰਥ ਪ੍ਰਾਪਤ ਨਹੀਂ ਹੁੰਦਾ?

(1) ਕੋਕ

(2) ਕੋਲਾ ਗੈਸ

(3) ਕੋਲਤਾਰ

(4) ਨਪੀੜਤ ਕੁਦਰਤੀ ਗੈਸ (C.N.G.)

114. ਮਨੁੱਖੀ ਸ਼ਰੀਰ ਵਿੱਚ ਆਇਰਨ ਕਿੱਥੇ ਹੈ?

(1) ਦਿਮਾਗ ਵਿੱਚ

(2) ਸਫੇਦ ਰਕਤਾਣੂ

(3) ਪਲੇਟ ਲੈਟਸ

(4) ਹੀਮੋਗਲੋਬਿਨ (ਲਾਲ ਰਕਤਾਣੂ)

115. ਅੱਗ ਬੁਝਾਉਣ ਵਾਲੇ ਕਰਮਚਾਰੀਆਂ ਦੀਆਂ ਵਰਦੀਆਂ ਉੱਤੇ ਕਿਸ ਰਸਾਇਣ ਦੀ ਅੱਗ ਰੋਧਕ ਪਰਤ ਚੜ੍ਹੀ ਹੁੰਦੀ ਹੈ?

(1) ਪਾੱਲੀਥੀਨ (2) ਪੀ. ਵੀ. ਸੀ.

(3) ਮੈਲਾਮਾਈਨ (4) ਆਰ. ਈ. ਟੀ.

116. ਹੇਠ ਲਿਖਿਆਂ ਵਿੱਚੋਂ ਕਿਹੜੀ ਗੈਸ ਦੀ ਹਵਾ ਵਿੱਚ ਵਧੀ ਮਾਤਰਾ ਗਲੋਬਲ ਵਾਰਮਿੰਗ ਦਾ ਕਾਰਨ ਹੈ?

(1) ਹਾਈਡਰੋਜਨ

(2) ਨੀਆਨ

(3) ਕਾਰਬਨ ਡਾਈਆਕਸਾਈਡ

(4) ਆਕਸੀਜਨ

117. ਕੱਟੀ ਹੋਈ ਫਸਲ ਵਿੱਚੋਂ ਦਾਣਿਆਂ ਨੂੰ ਵੱਖ ਕਰਨ ਦੀ ਪ੍ਰਕਿਰਿਆ ਨੂੰ ਕਿਹਾ ਜਾਂਦਾ ਹੈ?

(1) ਗਹਾਈ (2) ਸਿੰਚਾਈ

(3) ਭੰਡਾਰਨ (4) ਵਾਢੀ

118. ਸਭ ਤੋਂ ਮਜ਼ਬੂਤ ਸੰਸਲਿਸ਼ਤ ਰੇਸ਼ਾ ਕਿਹੜਾ ਹੈ?

(1) ਰੇਯੱਾਨ (2) ਨਾਈਲਾੱਨ

(3) ਪਾੱਲੀਐਸਟਰ (4) ਐਕ੍ਰਿਲਿਕ

119. ਹੇਠ ਲਿਖਿਆਂ ਵਿੱਚੋਂ ਕਿਹੜਾ ਪਰਿਰੱਖਿਅਕ ਜੈਮ ਅਤੇ ਸਕੁਐਸ਼ ਆਦਿ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਵਰਤਿਆ ਜਾਂਦਾ ਹੈ?

(1) ਸੋਡੀਅਮ ਕਲੋਰਾਈਡ
(2) ਕਾਪਰ ਸਲਫੇਟ
(3) ਸੋਡੀਅਮ ਮੈਟਾਬਾਈਸਲਫੇਟ
(4) ਨਾਈਟ੍ਰਿਕ ਐਸਿਡ

120. ਰੈਡ ਡਾਟਾ ਬੁੱਕ ਹੇਠ ਲਿਖਿਆਂ ਵਿੱਚੋਂ ਕਿਹੜੀਆਂ ਪ੍ਰਜਾਤੀਆਂ ਦਾ ਰਿਕਾਰਡ ਰੱਖਦੀ ਹੈ?

(1) ਖਤਰੇ ਦੀ ਕਗਾਰ ਤੇ ਪਹੁੰਚ ਚੁੱਕੀਆਂ ਪ੍ਰਜਾਤੀਆਂ (ਜੰਤੂ ਅਤੇ ਪੌਦੇ)
(2) ਲੁਪਤ ਹੋ ਚੁੱਕੇ ਜੰਤੂ ਅਤੇ ਪੌਦੇ
(3) ਖਾਸ ਸਥਾਨਕ ਜੰਤੂ ਅਤੇ ਪੌਦੇ ਦੀਆਂ ਪ੍ਰਜਾਤੀਆਂ
(4) ਮਰ ਚੁੱਕੇ ਜੰਤੂ

121. ਸਜੀਵਾਂ ਵਿੱਚ ਅਨੁਵੰਸ਼ਿਕ ਗੁਣਾਂ ਦੀ ਇਕਾਈ ਹੈ?

(1) ਡੀ.ਐਨ.ਏ. (2) ਆਰ.ਐਨ.ਏ
(3) ਕੇਂਦਰਕ (4) ਜੀਨ

122. ਇੱਕ ਯੁਗਮਜ ਵਿੱਚ ਪਾਏ ਜਾਣ ਵਾਲੇ ਕੇਂਦਰਕਾਂ ਦੀ ਸੰਖਿਆਂ ਹੁੰਦੀ ਹੈ?

(1) ਇੱਕ (2) ਦੋ
(3) ਤਿੰਨ (4) ਚਾਰ

123. ਕਿਹੜੇ ਵਿਗਿਆਨੀ ਨੇ ਚੇਚਕ ਦੀ ਰੋਕਥਾਮ ਲਈ ਟੀਕੇ ਦੀ ਖੋਜ ਕੀਤੀ?

(1) ਐਡਵਰਡ ਜੀਨਰ
(2) ਲੁਈਸ ਪਾਸਚਰ
(3) ਅਲੈਗਜੈਂਡਰ ਫਲੈਮਿੰਗ
(4) ਡਾਰਵਿਨ

124. ਕਿਹੜੇ ਸੈੱਲ ਸਰੀਰ ਵਿੱਚ ਕੰਟਰੋਲ (ਕਾਬੂ) ਅਤੇ ਤਾਲਮੇਲ ਦੀ ਸਥਿਤੀ ਬਣਾਂਦੇ ਹਨ।

(1) ਲਾਲ ਰਕਤਾਣੂ
(2) ਨਾੜੀ ਸੈੱਲ ਜਾ ਨਿਊਰਾੱਨ
(3) ਸਫੇਦ ਰਕਤਾਣੂ
(4) ਪਲੇਟਲੈਟਸ

125. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਨਾਈਟ੍ਰੋਜਨ ਚੱਕਰ (Nitrogen cycle) ਸਬੰਧੀ ਸਹੀ ਨਹੀਂ ਹੈ?

(1) ਸਾਰੇ ਵਾਯੂਮੰਡਲ ਵਿੱਚ 78% ਨਾਈਟ੍ਰੋਜਨ ਗੈਸ ਹੈ।
(2) ਸਾਰੇ ਸਜੀਵਾ ਵਿੱਚ ਨਾਈਟ੍ਰੋਜਨ ਇੱਕ ਜ਼ਰੂਰੀ ਅੰਸ਼ ਹੈ।
(3) ਨਾਈਟ੍ਰੋਜਨ, ਪ੍ਰੋਟੀਨ, ਕਲੋਰੋਫਿਲ, ਨਿਊਕਲੀਅਕ ਐਸਿਡ ਅਤੇ ਵਿਟਾਮਿਨਾਂ ਵਿੱਚ ਪਾਇਆ ਜਾਂਦਾ ਹੈ।
(4) ਵਾਯੂਮੰਡਲ ਵਿਚਲੀ ਨਾਈਟ੍ਰੋਜਨ ਪੌਦਿਆਂ ਅਤੇ ਜੰਤੂਆਂ ਦੁਆਰਾ ਸਿੱਧੇ ਤੌਰ ਤੇ ਪ੍ਰਾਪਤ ਕੀਤੀ ਜਾਂਦੀ ਹੈ।

126. ਹੇਠ ਲਿਖਿਆਂ ਵਿੱਚ ਕਿਹੜੇ ਸੂਖਮਜੀਵ ਆਪਣੇ ਮੇਜ਼ਬਾਨ ਜੀਵ ਦੇ ਸੈਲਾਂ ਅੰਦਰ ਪਹੁੰਚ ਕੇ ਹੀ ਜਣਨ ਕਿਰਿਆ ਕਰਦੇ ਹਨ।

(1) ਜੀਵਾਣੂ (2) ਵਾਇਰਸ
(3) ਪ੍ਰੋਟੋਜੋਆ (4) ਕਾਈ

127. ਖਮੀਰਨ ਦੀ ਪ੍ਰਕਿਰਿਆ ਵਿੱਚ ਹੇਠ ਲਿਖਿਆ ਵਿੱਚੋਂ ਕਿਹੜੀ ਗੈਸ ਪੈਦਾ ਹੁੰਦੀ ਹੈ?

(1) ਆਕਸੀਜਨ
(2) ਕਾਰਬਨ ਡਾਈਆਕਸਾਈਡ
(3) ਨਾਈਟ੍ਰੋਜਨ ਡਾਈਆਕਸਾਈਡ
(4) ਸਲਫਰ ਡਾਈਆਕਸਾਈਡ

128. ਟੈਡਪੋਲ ਲਾਰਵੇ ਦੇ ਕਾਇਆ ਰੂਪਾਂਤਰਨ (Metamorphosis) ਲਈ ਕਿਹੜੇ ਤੱਤ ਦੀ ਪਾਣੀ ਵਿੱਚ ਮੌਜ਼ੂਦਗੀ ਲਾਜਮੀ ਹੈ?

(1) ਕਾਰਬਨ (2) ਸੋਡੀਅਮ
(3) ਆਇਓਡੀਨ (4) ਸਲਫ਼ਰ

129. ਸੰਗਮਰਮਰ ਕੈਂਸਰ ਦਾ ਕਾਰਨ ਹੈ?

(1) ਕਲੋਰੋਫਲੋਰੋ ਕਾਰਬਨ (2) ਜਲਵਾਸ਼ਪ
(3) ਉੱਚ ਤਾਪਮਾਨ (4) ਤੇਜਾਬੀ ਵਰਖਾ

130. ਲੈਕਟੋਬੈਸੀਲਸ ਨਾਂ ਦੇ ਜੀਵਾਣੂ............ਬਣਾਉਣ ਵਿੱਚ ਮਦਦ ਕਰਦੇ ਹਨ।

(1) ਦਹੀਂ (2) ਪਨੀਰ

(3) ਮੱਖਣ (4) ਦੁੱਧ

## MATHS

131. $-\frac{5}{7}+\frac{3}{4}=\frac{3}{4}+\left(\frac{-5}{7}\right)$ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਗੁਣ ਦਰਸਾਇਆ ਜਾ ਰਿਹਾ ਹੈ।

(1) ਪਰਿਮੇਯ ਸੰਖਿਆਵਾਂ ਜੋੜ ਦੇ ਅੰਤਰਗਤ ਬੰਦ ਹਨ।

(2) ਪਰਿਮੇਯ ਸੰਖਿਆਵਾਂ ਦੇ ਲਈ ਜੋੜ ਕ੍ਰਮ ਵਟਾਂਦਰ ਯੋਗ ਹੈ।

(3) ਪਰਿਮੇਯ ਸੰਖਿਆਵਾਂ ਦੇ ਲਈ ਜੋੜ ਸਹਿਚਰ ਹੈ ।

(3) ਪਰਿਮੇਯ ਸੰਖਿਆਵਾਂ ਦੇ ਲਈ ਗੁਣਾ ਦੀ ਜੋੜ ਤੇ ਵੰਡਣਸ਼ੀਲਤਾ ਗੁਣ।

132. ਦੋ ਪਰਿਮੇਯ ਸੰਖਿਆਵਾਂ ਦਾ ਗੁਣਨਫਲ −11 ਹੈ। ਜੇਕਰ ਉਹਨਾਂ ਵਿੱਚੋਂ ਇਕ ਸੰਖਿਆ -4 ਹੋਵੇ ਤਾਂ ਦੂਜੀ ਸੰਖਿਆ ਪਤਾ ਕਰੋ।

(1) 44 (2) $-\frac{11}{4}$

(3) −44 (4) $\frac{11}{4}$

133. ਹੇਠ ਦਿੱਤੇ ਅੰਕੜਿਆਂ ਦੀ ਵਿਚਲਣ ਸੀਮਾ(Range) ਪਤਾ ਕਰੋ।

− 5, 4, − 3, 0, 3, 6, −2, −6, 0, 6

(1) 0 (2) 6

(3) 11 (4) 12

134. ਇਕ ਪਾਸੇ (dice) ਨੂੰ ਸੁੱਟਣ ਤੇ ਸੰਭਾਵਨਾ ਪਤਾ ਕਰੋ ਕਿ ਪ੍ਰਾਪਤ ਹੋਣ ਵਾਲੀ ਸੰਖਿਆ 42 ਦਾ ਇਕ ਗੁਣਨਖੰਡ ਹੋਵੇ।

(1) $\frac{1}{2}$ (2) $\frac{1}{3}$

(3) $\frac{2}{3}$ (4) $\frac{5}{6}$

135. $\sqrt{3025}+\sqrt{30.25}+\sqrt{0.3025}$ ਦਾ ਮੁਲ ਪਤਾ ਕਰੋ।

(1) 61.05 (2) 66.0

(3) 56.10 (4) 6.105

136. ਹੇਠਾਂ ਲਿਖਿਆਂ ਵਿੱਚੋਂ ਕਿਹੜਾ ਪੂਰਣ ਘਣ ਨਹੀਂ ਹੈ?

(1) 729 (2) 125

(3) 345 (4) 216

137. ਕਿਸੇ ਠੋਸ ਦੇ 15 ਕਿਨਾਰੇ (Edges) ਅਤੇ 10 ਸ਼ਿਖਰ (Vertices) ਹਨ। ਇਸਦੇ ਫਲਕਾਂ ਦੀ ਗਿਣਤੀ ਪਤਾ ਕਰੋ।

(1) 5 (2) 6

(3) 7 (4) 8

138. ਜੇਕਰ $x + y = 12$ ਹੋਵੇ ਅਤੇ $xy = 22$ ਹੋਵੇ ਤਾਂ $x^2 + y^2$ ਦਾ ਮੁੱਲ ਪਤਾ ਕਰੋ।

(1) 100 (2) 188

(3) 144 (4) 484

139. $\frac{3.25 \times 3.25 - 1.25 \times 1.25}{1.5}$ ਦਾ ਮੁੱਲ ਪਤਾ ਕਰੋ।

(1) 20.25 (2) 202.5

(3) 3.025 (4) 6.0

140. ਕਿਸੇ ਸੰਖਿਆ ਦਾ ਪੰਜ ਗੁਣਾ ਉਸ ਸੰਖਿਆ ਤੋਂ ...............% ਅਧਿਕ ਹੁੰਦਾ ਹੈ।

(1) 5 (2) 50

(3) 500 (4) 400

141. ਇਕ ਸਮਚਤੁਰਭੁਜ (Rhombus) ਦੇ ਇਕ ਵਿਕਰਣ ਦੀ ਲੰਬਾਈ ਦੂਜੇ ਵਿਕਰਣ ਦੀ ਲੰਬਾਈ ਤੋਂ ਦੁਗਣੀ ਹੈ ਅਤੇ ਇਸ ਸਮਚਤੁਰਭੁਜ ਦਾ ਖੇਤਰਫਲ $100cm^2$ ਹੈ। ਸਮਚਤੁਰਭੁਜ ਦੀ ਇਕ ਭੁਜਾ ਦੀ ਲੰਬਾਈ ਪਤਾ ਕਰੋ।

(1) 10cm (2) 5cm

(3) $5\sqrt{5}$cm (4) $10\sqrt{5}$cm

142. ਕਿਸੇ ਸਮਬਹੁਭਜ ਵਿੱਚ ਘੱਟ ਤੋਂ ਘੱਟ ਕਿੰਨੇ ਮੁੱਲ ਦਾ ਅੰਦਰਲਾ ਕੋਣ ਸੰਭਵ ਹੈ?

(1) $0^0$ (2) $30^0$

(3) $60^0$ (4) $90^0$

143. m, -mn ਅਤੇ mnp ਦਾ ਗੁਣਨਫਲ ਪਤਾ ਕਰੋ।

(1) $3m^2n^2p$ (2) $-m^2n^2p$

(3) $-m^3n^2p$ (4) $m^3n^3p$

144. $(5^{-1}+2^{-1})^{-1} \times (-\frac{5}{7}) \div \frac{25}{49}$ ਦਾ ਮੁਲ ਪਤਾ ਕਰੋ।

(1) -2 (2) 2

(3) $-\frac{49}{50}$ (4) $\frac{7}{25}$

145. $(x^4 - y^4) \div (x - y)$ ਦਾ ਮੁੱਲ ਪਤਾ ਕਰੋ।

(1) $x^3+y^3$ (2) $(x+y)(x^2+y^2)$

(3) $(x+y)^3$ (4) $x^3 - y^3$

146. ਪਰਿਮੇਯ ਸੰਖਿਆਵਾਂ ਜੋੜ, ਘਟਾਉ ਅਤੇ ਗੁਣਾ ਕਿਰਿਆਵਾਂ ਦੇ ਅੰਤਰਗਤ .........ਹੁੰਦੀਆਂ ਹਨ।

(1) ਬੰਦ (Closure)

(2) ਕ੍ਰਮ ਵਟਾਂਦਰਾ ਯੋਗ (Commutative)

(3) ਸਹਿਕਾਰਤਾ (Associative)

(4) ਵੰਡਕਾਰੀ (Distributive)

147. ਅਜਿਹੀ ਪਰਿਮੇਯ ਸੰਖਿਆਂ ਦਸੋ ਜਿਸਦਾ ਕੋਈ ਉਲਟਕ੍ਰਮ ਨਹੀਂ ਹੁੰਦਾ।

(1) 1 (2) −1

(3) 0 (4) ਕੋਈ ਨਹੀਂ

148. ਸੰਖਿਆ 6897 ਭਾਜਯੋਗ ਹੈ।

(1) ਸਿਰਫ 11 ਨਾਲ

(2) ਸਿਰਫ 19 ਸਾਲ

(3) 11 ਅਤੇ 19 ਦੋਵਾਂ ਨਾਲ


(4) ਨਾ ਹੀ 11 ਨਾਲ ਅਤੇ ਨਾ ਹੀ 19 ਨਾਲ

149. ਦੋ ਭਰਾਵਾਂ ਦੀ ਵਰਤਮਾਨ ਉਮਰ ਦਾ ਅਨੁਪਾਤ 4:5 ਹੈ। 4 ਸਾਲ ਬਾਅਦ ਉਨ੍ਹਾਂ ਦੀ ਉਮਰ ਦਾ ਅਨੁਪਾਤ 5:6 ਹੋ ਜਾਵੇਗਾ। ਵੱਡੇ ਭਰਾ ਦੀ ਵਰਤਮਾਨ ਉਮਰ ਕੀ ਹੋਵੇਗੀ।

(1) 16 ਸਾਲ (2) 20 ਸਾਲ

(3) 24 ਸਾਲ (4) 30 ਸਾਲ

150. ਦਿੱਤੇ ਚਿੱਤਰ ਵਿੱਚ ABCD ਇਕ ਸਮਾਂਤਰ ਚਤੁਰਭੁਜ ਹੈ। X ਅਤੇ Y ਦਾ ਮੁੱਲ ਪਤਾ ਕਰੋ।




(1) 3cm, $40^0$ (2) 3cm, $78^0$

(3) 3cm, $28^0$ (4) 3cm, $56^0$

## SOCIAL STUDY

151. ਵਾਸਕੋਡੀਗਾਮਾ ਸਮੁੰਦਰ ਦੇ ਰਾਸਤੇ ਭਾਰਤ ਕਦੋਂ ਪਹੁੰਚਿਆ?

(1) 27 ਮਈ 1498 ਈ.

(2) 25 ਮਈ 1940 ਈ.

(3) 20 ਮਈ 1498 ਈ.

(4) 10 ਮਈ 1475 ਈ.

152. 'ਪਿਸਟ ਇੰਡੀਆ ਐਕਟ' ਕਦੋਂ ਪਾਸ ਹੋਇਆ?

(1) 1785 ਈ. (2) 1783 ਈ.

(3) 1784 ਈ. (4) 1782 ਈ.

153. ਨਾ ਮਿਲਵਰਤਨ ਅੰਦੋਲਨ ਕਿਸ ਨੇ ਸ਼ੁਰੂ ਕੀਤਾ?

(1) ਵੀਰ ਸਲਿੰਗਮ (2) ਡਾ. ਅੰਬੇਦਕਰ

(3) ਭਗਤ ਸਿੰਘ (4) ਮਹਾਤਮਾ ਗਾਂਧੀ

154. 1857 ਈ. ਦੀ ਕ੍ਰਾਂਤੀ ਦਾ ਪਹਿਲਾ ਸ਼ਹੀਦ ਕੌਣ ਸੀ?

(1) ਵੀਰ ਸਾਵਰਕਰ

(2) ਮੰਗਲ ਪਾਂਡੇ

(3) ਤਾਂਤੀਆ ਟੋਪੇ

(4) ਮਹਾਂਰਾਣੀ ਲਕਸ਼ਮੀ ਬਾਈ

155. ਕਿਸ ਭਾਰਤੀ ਸਮਾਜ ਸੁਧਾਰਕ ਨੇ ਸਤੀ ਪ੍ਰਥਾ ਨੂੰ ਰੋਕਣ ਲਈ ਯੋਗਦਾਨ ਪਾਇਆ?

(1) ਰਾਜਾ ਰਾਮਮੋਹਨ ਰਾਏ

(2) ਬਾਲ ਗੰਗਾਧਰ ਤਿਲਕ

(3) ਈਸ਼ਵਰ ਚੰਦਰ ਵਿਦਿਆ ਸਾਗਰ

(4) ਮਹਾਤਮਾ ਗਾਂਧੀ

156. ਮੁਨਸ਼ੀ ਪ੍ਰੇਮ ਚੰਦ ਦਾ ਕਿਹੜਾ ਨਾਵਲ ਲੋਕਪ੍ਰਿਯ ਹੋਇਆ?

(1) ਆਨੰਦ ਮੱਠ (2) ਗੋਦਾਨ

(3) ਮੇਘਾਨੰਦ (4) ਕੇਸਰੀ

157. ਸਾਰਕ ਦੀ ਸਥਾਪਨਾ ਕਦੋਂ ਹੋਈ?

(1) 1938 ਈ. (2) 1947 ਈ.

(3) 1957 ਈ. (4) 1985 ਈ.

158. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕਿੱਥੇ ਹੋਈ?

(1) ਦਿੱਲੀ (2) ਕਲਕੱਤਾ

(3) ਲਾਹੌਰ (4) ਬੰਬਈ

159. ਭਾਰਤ ਵਿੱਚ ਸਿਵਲ ਸਰਵਸਿਜ਼ ਸ਼ੁਰੂ ਕਰਨ ਦਾ ਸਿਹਰਾ ਕਿਸ ਨੂੰ ਜਾਂਦਾ ਹੈ?

(1) ਲਾਰਡ ਕਲਾਈਵ

(2) ਲਾਰਡ ਕਾਰਨਵਾਲਿਸ

(3) ਲਾਰਡ ਰਿਪਨ

(4) ਲਾਰਡ ਮਾਊਂਟਬਿਟਨ

160. ਅੰਗਰੇਜ਼ਾਂ ਨੇ 1765 ਈ. ਵਿੱਚ ਕਿੰਨ੍ਹਾਂ ਖੇਤਰਾਂ ਦਾ ਦਿਵਾਨੀ ਅਧਿਕਾਰ ਪ੍ਰਾਪਤ ਕਰ ਲਿਆ ਸੀ?

(1) ਅਸਾਮ, ਬੰਗਾਲ, ਬਿਹਾਰ

(2) ਬੰਗਾਲ, ਅਸਾਮ, ਤ੍ਰਿਪੁਰਾ

(3) ਬੰਗਾਲ, ਬਿਹਾਰ, ਉੜੀਸਾ

(4) ਬੰਗਾਲ, ਅਵਧ, ਅਸਾਮ

161. ਰਿਕਟਰ ਸਕੇਲ ਨਾਲ ਕਿਸ ਦੀ ਤੀਬਰਤਾ ਨੂੰ ਮਾਪਿਆ ਜਾਂਦਾ ਹੈ?

(1) ਚੱਕਰਵਾਤ (2) ਭੂਚਾਲ

(3) ਹੜ੍ਹ (4) ਤੂਫ਼ਾਨ

162. ਭਾਰਤ ਦਾ ਕਿਹੜਾ ਮਸ਼ਹੂਰ ਸੂਤੀ ਕੱਪੜਾ ਉਦਯੋਗ ਕੇਂਦਰ ਸਾਬਰਮਤੀ ਨਦੀ ਦੇ ਕਿਨਾਰੇ ਤੇ ਸਥਿਤ ਹੈ?

(1) ਅਹਿਮਦਾਬਾਦ (2) ਹੈਦਰਾਬਾਦ

(3) ਦਿੱਲੀ (4) ਵਿਸ਼ਾਖਾਪਟਨਮ

163. ਭਾਰਤ ਦੀ ਸਿਲੀਕਾਨ ਘਾਟੀ ਕਿਸ ਸ਼ਹਿਰ ਨੂੰ ਕਿਹਾ ਜਾਂਦਾ ਹੈ?

(1) ਅਹਿਮਦਾਬਾਦ (2) ਜੰਮੂ

(3) ਬੰਗਲੌਰ (4) ਕਪੂਰਥਲਾ

164. ਵੱਸੋਂ ਘਣਤਾ ਤੋਂ ਕੀ ਭਾਵ ਹੈ?

(1) ਵਿਅਕਤੀ ਪ੍ਰਤੀਵਰਗ ਕਿਲੋਮੀਟਰ

(2) ਕੁੱਲ ਮਰਦਾਂ ਦੀ ਗਿਣਤੀ

(3) ਕੁੱਲ ਔਰਤਾਂ ਦੀ ਗਿਣਤੀ

(4) ਦੇਸ਼ ਦੇ ਕੁੱਲ ਬੱਚੇ

165. ਸੰਸਾਰ ਵਿੱਚ ਸੋਨਾ ਪੈਦਾ ਕਰਨ ਵਾਲਾ ਮੋਹਰੀ ਦੇਸ਼ ਕਿਹੜਾ ਹੈ?

(1) ਭਾਰਤ (2) ਚੀਨ

(3) ਦੱਖਣੀ ਅਫ਼ਰੀਕਾ (4) ਜਪਾਨ

166. 'ਸੁਨਾਮੀ' ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ?

(1) ਜਰਮਨੀ (2) ਜਪਾਨੀ

(3) ਚੀਨੀ (4) ਸੰਸਕ੍ਰਿਤ

167. ਸਾਲ 1986 ਵਿੱਚ ਰੇਲ ਦੇ ਡੱਬੇ ਬਣਾਉਣ ਦਾ ਕਾਰਖਾਨਾ ਕਿੱਥੇ ਲਗਾਇਆ ਗਿਆ?

(1) ਪਟਿਆਲਾ (2) ਪਠਾਨਕੋਟ

(3) ਬਠਿੰਡਾ (4) ਕਪੂਰਥਲਾ

168. ਹੇਠਾਂ ਦਿੱਤੇ ਖਣਿਜ ਪਦਾਰਥਾਂ ਵਿੱਚੋਂ ਧਾਤੂ ਖਣਿਜ ਪਦਾਰਥ ਚੁਣੋ?

(1) ਸੋਨਾ (2) ਕੋਲਾ

(3) ਅਬਰਕ (4) ਪੈਟਰੋਲੀਅਮ

169. ਅਰੈਬਿਕਾ, ਰੋਬਸਟਾ ਅਤੇ ਲਾਇਬੈਰਿਕਾ ਕਿਸ ਦੀਆਂ ਤਿੰਨ ਕਿਸਮਾਂ ਹਨ?

(1) ਕਣਕ (2) ਚਾਵਲ

(3) ਚਾਹ (4) ਕੌਫ਼ੀ

170. ਸਰਵ ਸਿੱਖਿਆ ਅਭਿਆਨ ਤਹਿਤ 6-14 ਸਾਲ ਤੱਕ ਕਿਸ ਕਲਾਸ ਤੱਕ ਸਿੱਖਿਆ ਦੇਣ ਦਾ ਪ੍ਰੋਗ੍ਰਾਮ ਸ਼ੁਰੂ ਕੀਤਾ ਗਿਆ?

(1) ਪੰਜਵੀਂ (2) ਅੱਠਵੀਂ

(3) ਦੱਸਵੀਂ (4) ਬਾਰਵੀਂ

171. ਭਾਰਤੀ ਸੰਵਿਧਾਨ ਨੂੰ ਨਿਯਮਤ ਰੂਪ ਦੇਣ ਲਈ ਬਣੀ ਮਸੌਦਾ ਕਮੇਟੀ ਦੇ ਕੁੱਲ ਕਿਨ੍ਹੇ ਮੈਂਬਰ ਸਨ ਅਤੇ ਮਸੌਦਾ ਕਮੇਟੀ ਦੇ ਪ੍ਰਧਾਨ ਕੌਣ ਸਨ?

(1) ਪੰਜ ਮੈਂਬਰ - ਪ੍ਰਧਾਨ ਜਵਾਹਰਲਾਲ ਨਹਿਰੂ

(2) ਸੱਤ ਮੈਂਬਰ - ਪ੍ਰਧਾਨ ਡਾ. ਭੀਮ ਰਾਉ ਅੰਬੇਦਕਰ

(3) ਨੌਂ ਮੈਂਬਰ - ਡਾ. ਰਾਜਿੰਦਰ ਪ੍ਰਸਾਦ

(4) ਛੇ ਮੈਂਬਰ - ਮਹਾਤਮਾ ਗਾਂਧੀ

172. ਸੰਵਿਧਾਨ ਦੀ ਧਾਰਾ 25 ਅਨੁਸਾਰ ਵਿਵਸਥਾ ਹੈ-

(1) ਛੂਤਛਾਤ ਦਾ ਖਾਤਮਾ

(2) ਲੋਕ ਅਦਾਲਤਾਂ ਦਾ ਗਠਨ

(3) ਵਿਚਾਰ ਪ੍ਰਗਟਾਉਣ ਦੀ ਸੁਤੰਤਰਤਾ

(4) ਕਿਸੇ ਵਿਅਕਤੀ ਨਾਲ ਧਰਮ ਦੇ ਅਧਾਰ ਤੇ ਵਿਤਕਰਾ ਕਰਨ ਦੀ ਮਨਾਹੀ

173. ਭਾਰਤੀ ਸੰਵਿਧਾਨ ਵਿੱਚ 42ਵੀਂ ਸੰਵਿਧਾਨਕ ਸੋਧ ਰਾਹੀਂ ਭਾਰਤੀ ਪ੍ਰਸਤਾਵਨਾ ਵਿੱਚ ਕਿਹੜੇ ਸ਼ਬਦ ਸ਼ਾਮਲ ਕੀਤੇ ਗਏ-

(1) ਸਮਾਜਿਕ ਤੇ ਆਰਥਕ ਨਿਆਂ

(2) ਧਰਮ ਨਿਰਪੱਖਤਾ

(3) ਰਾਸ਼ਟਰ ਦੀ ਏਕਤਾ ਤੇ ਅਖੰਡਤਾ

(4) ਭਾਈਚਾਰਾ

174. ਉਪ-ਮੰਡਲ ਮੈਜਿਸਟ੍ਰੇਟ ਕਿਸ ਪੱਧਰ ਤੱਕ ਦੇ ਕੇਸਾਂ ਦੀ ਸੁਣਵਾਈ ਕਰਦਾ ਹੈ?

(1) ਤਹਿਸੀਲ ਪੱਧਰ ਤੇ

(2) ਜ਼ਿਲਾ ਪੱਧਰ ਤਕ

(3) ਰਾਜ ਪੱਧਰ

(4) ਰਾਸ਼ਟਰੀ ਪੱਧਰ

175. ਪੰਜਾਬ ਰਾਜ, ਰਾਜ ਸਭਾ ਵਿੱਚ ਕਿਨ੍ਹੇ ਮੈਂਬਰ ਚੁਣ ਕੇ ਭੇਜਦਾ ਹੈ?

(1) 7 ਮੈਂਬਰ (2) 13 ਮੈਂਬਰ

(3) 9 ਮੈਂਬਰ (4) 11 ਮੈਂਬਰ

176. ਸੰਸਦ ਦੇ ਦੋਨਾਂ ਸਦਨਾਂ ਵਿੱਚੋਂ ਪਾਸ ਬਿਲ ਨੂੰ ਕਾਨੂੰਨ ਬਨਣ ਤੋਂ ਪਹਿਲਾਂ ਕਿਸ ਦੀ ਅੰਤਿਮ ਪ੍ਰਵਾਨਗੀ ਚਾਹੀਦੀ ਹੈ?

(1) ਪ੍ਰਧਾਨ ਮੰਤਰੀ ਦੀ

(2) ਲੋਕ ਸਭਾ ਦੇ ਸਪੀਕਰ ਦੀ

(3) ਰਾਸ਼ਟਰਪਤੀ ਦੀ

(4) ਵਿੱਤ ਮੰਤਰੀ ਦੀ

177. ਮਨੁੱਖੀ ਅਧਿਕਾਰ ਦਿਵਸ (Human Rights Day) ਹਰ ਸਾਲ ਕਿਸ ਦਿਨ ਮਨਾਇਆ ਜਾਂਦਾ ਹੈ?

(1) 10 ਦਸੰਬਰ (2) 15 ਦਸੰਬਰ

(3) 26 ਜਨਵਰੀ (4) 14 ਨਵੰਬਰ

178. ਹੇਠ ਲਿਖਿਆਂ ਵਿੱਚੋਂ ਕਿਹੜਾ 'ਜਾਤੀਵਾਦ' ਦਾ ਪ੍ਰਭਾਵ ਨਹੀਂ ਹੈ?

(1) ਜਾਤ ਤੇ ਅਧਾਰਤ ਰਾਜਨੀਤਕ ਦਲਾਂ ਦਾ ਨਿਰਮਾਣ

(2) ਦਿਨੋਂ-ਦਿਨ ਵੱਧ ਰਹੀਂ ਬੇਰੋਜਗਾਰੀ

(3) ਜਾਤ ਅਧਾਰਤ ਵੋਟ ਪਾਉਣੇ ਤੇ ਵੋਟ ਮੰਗਣੇ

(4) ਰਾਖਵਾਂਕਰਨ ਦੀ ਲੋੜ

179. ਲੋਕ ਅਦਾਲਤਾਂ ਵਿੱਚ ਹੇਠ ਲਿਖਿਆ ਵਿੱਚੋਂ ਕਿਹੜੇ ਮੁੱਕਦਮੇ ਆਮ ਤੌਰ ਤੇ ਫੈਸਲਾ ਕਰਨ ਲਈ ਨਹੀਂ ਲਿਆਏ ਜਾਂਦੇ?

(1) ਸ਼ਾਦੀ ਤੇ ਤਲਾਕ ਦੇ ਮੁੱਕਦਮੇ

(2) ਜਾਇਦਾਦ ਦੀ ਵੰਡ ਸੰਬੰਧੀ ਮੁੱਕਦਮੇ

(3) ਖ਼ੂਨ ਖਰਾਬਾ ਤੇ ਮਾਰ-ਧਾੜ ਦੇ ਮੁੱਕਦਮੇ

(4) ਆਪਸੀ ਸਹਿਮਤੀ ਤੇ ਸੁਲਹ ਸਫਾਈ ਸਬੰਧੀ ਮਾਮਲੇ

180. ਬੁਢਾਪਾ, ਬੀਮਾਰੀ ਤੇ ਬੇਰੋਜਗਾਰੀ ਦੀ ਹਾਲਤ ਵਿੱਚ ਸਰਕਾਰ ਵੱਲੋਂ ਕੀਤੀ ਗਈ ਸਹਾਇਤਾ-ਕਿਹੜੀ ਸੁਰੱਖਿਆ ਕਹਾਉਂਦੀ ਹੈ?

(1) ਸਮਾਜਿਕ ਸੁਰੱਖਿਆ

(2) ਆਰਥਕ ਸੁਰੱਖਿਆ

(3) ਰਾਜਨੀਤਕ ਸੁਰੱਖਿਆ

(4) ਕਲਿਆਣਕਾਰੀ ਸੁਰੱਖਿਆ